# ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ 9ਵਾਂ ਸਾਲਾਨਾ ਅੰਤਰਰਾਸ਼ਟਰੀ ਯੋਗ ਦਿਵਸ

21 ਜੂਨ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ **21** ਜੂਨ **2023** ਨੂੰ ਨਿਊਯਾਰਕ ਸਿਟੀ ਵਿੱਚ ਸੰਯੁਕਤ ਰਾਸ਼ਟਰ ਹੈੱਡਕੁਆਰਟਰ ਦੇ ਪ੍ਰਤੀਕ ਉੱਤਰੀ ਲਾਅਨ ਵਿੱਚ **9**ਵੇਂ ਸਾਲਾਨਾ ਅੰਤਰਰਾਸ਼ਟਰੀ ਯੋਗ ਦਿਵਸ ਦੀ ਅਗਵਾਈ ਕੀਤੀ।

**2.** ਇਸ ਸਾਲ ਦਾ ਥੀਮ 'ਵਸੁਧੈਵ ਕੁਟੁੰਬਕਮ ਲਈ ਯੋਗਾ' ਹੈ। 'ਵਸੁਧੈਵ ਕੁਟੁੰਬਕਮ' ਦਾ ਭਾਵ 'ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ' ਤੋਂ ਹੈ।

**3.** ਸਮਾਗਮ ਨੂੰ **135** ਤੋਂ ਵੱਧ ਦੇਸ਼ਾਂ ਦੇ ਹਜ਼ਾਰਾਂ ਯੋਗਾ ਪ੍ਰੇਮੀਆਂ ਦੁਆਰਾ ਭਰਵਾਂ ਹੁੰਗਾਰਾ ਮਿਲਿਆ ਜਿਸਨੇ ਕਿ ਇੱਕ ਯੋਗਾ ਸੈਸ਼ਨ ਵਿੱਚ ਵੱਧ ਤੋਂ ਵੱਧ ਦੇਸ਼ਾਂ ਦੇ ਭਾਗੀਦਾਰਾਂ ਦੁਆਰਾ ਹਿੱਸਾ ਲੈਣ ਸਬੰਧੀ ਗਿਨੀਜ਼ ਵਰਲਡ ਰਿਕਾਰਡ ਕਾਇਮ ਕੀਤਾ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਮਿਸਟਰ ਐਂਟੋਨੀਓ ਗੁਟੇਰੇਸ ਦੁਆਰਾ ਭੇਜਿਆ ਗਿਆ ਇੱਕ ਵੀਡੀਓ ਸੰਦੇਸ਼ ਵੀ ਪ੍ਰਦਰਸ਼ਿਤ ਕੀਤਾ ਗਿਆ।

**4.** ਇਸ ਸਮਾਗਮ ਵਿੱਚ ਜੀਵਨ ਦੇ ਸਾਰੇ ਖੇਤਰਾਂ ਦੀਆਂ ਕਈ ਉੱਘੀਆਂ ਹਸਤੀਆਂ ਅਤੇ ਪ੍ਰਮੁੱਖ ਸ਼ਖਸੀਅਤਾਂ ਨੇ ਭਾਗ ਲਿਆ ਜਿਸ ਵਿੱਚ ਡਿਪਲੋਮੈਟ, ਅਧਿਕਾਰੀ, ਸਿੱਖਿਆ ਸ਼ਾਸ਼ਤਰੀ, ਸਿਹਤ ਪੇਸ਼ੇਵਰ, ਟੈਕਨੋਕਰੇਟਸ, ਉਦਯੋਗਾਂ ਦੇ ਲੀਡਰ, ਮੀਡੀਆ ਸ਼ਖਸੀਅਤਾਂ, ਕਲਾਕਾਰ, ਅਧਿਆਤਮਿਕ ਨੇਤਾ ਅਤੇ ਯੋਗ ਅਭਿਆਸੀਆਂ; ਸਮੇਤ **77**ਵੀਂ ਸੰਯੁਕਤ ਰਾਸ਼ਟਰ ਮਹਾਸਭਾ ਦੇ ਪ੍ਰਧਾਨ ਮਾਣਯੋਗ ਮਿਸਟਰ ਕਸਾਬਾ ਕੋਰੋਸੀ; ਨਿਊਯਾਰਕ ਸਿਟੀ ਦੇ ਮੇਅਰ ਮਿਸਟਰ ਐਰਿਕ ਐਡਮਜ਼ ਅਤੇ ਸੰਯੁਕਤ ਰਾਸ਼ਟਰ ਦੀ ਡਿਪਟੀ ਸੈਕਟਰੀ ਜਨਰਲ ਅਤੇ ਸੰਯੁਕਤ ਰਾਸ਼ਟਰ ਸਸਟੇਨੇਬਲ ਡਿਵੈਲਪਮੈਂਟ ਗਰੁੱਪ ਦੀ ਚੇਅਰ ਮਾਣਯੋਗ ਸ਼੍ਰੀਮਤੀ ਅਮੀਨਾ ਜੇ ਮੁਹੰਮਦ ਸ਼ਾਮਿਲ ਸਨ।

**5.** ਪ੍ਰਧਾਨ ਮੰਤਰੀ ਨੇ ਯੋਗਾ ਸੈਸ਼ਨ ਤੋਂ ਪਹਿਲਾਂ ਮਹਾਤਮਾ ਗਾਂਧੀ ਦੀ ਮੂਰਤੀ 'ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ, ਜਿਸਦਾ ਉਦਘਾਟਨ ਦਸੰਬਰ **2022** ਵਿੱਚ ਭਾਰਤ ਦੀ ਯੂਐਨਐੱਸਸੀ ਦੀ ਪ੍ਰਧਾਨਗੀ ਦੌਰਾਨ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨੇ ਇਸ ਤੋਂ ਬਾਅਦ ਉੱਤਰੀ ਲਾਅਨ ਵਿਖੇ ਇੱਕ ਪੀਸਕੀਪਿੰਗ ਮੈਮੋਰੀਅਲ 'ਤੇ ਵੀ ਸ਼ਰਧਾਂਜਲੀ ਭੇਂਟ ਕੀਤੀ।

**ਨਿਊਯਾਰਕ**
**21 ਜੂਨ, 2023**